HEART UK
THE CHOLESTEROL CHARITY



# ਤੁਹਾਡਾ ਦਿਲ ਕਿੰਨਾ ਸਿਹਤਮੰਦ ਹੈ?

## ਦਿਲ ਦੀ ਧਮਣੀ ਦੀ ਬਿਮਾਰੀ ਕੀ ਹੈ?

ਦਿਲ ਦੀ ਧਮਣੀ ਦੀ ਬਿਮਾਰੀ (Coronary heart disease ਜਾਂ CHD) ਸਭ ਤੋਂ ਆਮ ਕਿਸਮ ਦੀ ਦਿਲ ਦੀ ਬਿਮਾਰੀ ਹੈ। UK ਵਿੱਚ ਅੰਦਾਜ਼ਨ 2.3 ਮਿਲੀਅਨ ਲੋਕਾਂ ਨੂੰ ਇਹ ਹੈ(1)। ਇਸ ਕਰਕੇ ਕਈ ਵਾਰੀ ਛਾਤੀ ਵਿੱਚ ਦਰਦ ਜਾਂ ਜਕੜਨ, ਸਾਹ ਲੈਣ ਵਿੱਚ ਤਕਲੀਫ਼ ਜਾਂ ਦਿਲ ਦੀ ਤੇਜ਼ ਧੜਕਣ – ਜਿੱਥੇ ਤੁਹਾਡੇ ਦਿਲ ਦੀ ਧੜਕਣ ਅਚਾਨਕ ਧਿਆਨ ਦੇਣ ਯੋਗ ਬਣ ਜਾਂਦੀ ਹੈ – ਵਰਗੇ ਲੱਛਣ ਹੋ ਸਕਦੇ ਪਰ ਕੁਝ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ।

ਇਸ ਕਿਸਮ ਦੀ ਦਿਲ ਦੀ ਬਿਮਾਰੀ ਅਕਸਰ ਤੁਹਾਡੇ ਦਿਲ ਵੱਲ ਜਾਣ ਵਾਲੀਆਂ ਧਮਣੀਆਂ ਵਿਚਲੇ ਬੰਦ ਜਾਂ ਤੰਗ ਖੇਤਰਾਂ ਕਰਕੇ ਹੁੰਦੀ ਹੈ। ਇਹ ਰੁਕਾਵਟਾਂ ਖੂਨ ਦੇ ਪ੍ਰਵਾਹ ਨੂੰ ਸੀਮਤ ਕਰ ਸਕਦੀਆਂ ਹਨ, ਜਿਸ ਨਾਲ ਤੁਹਾਨੂੰ ਦਿਲ ਦੇ ਦੌਰੇ ਦਾ ਖਤਰਾ ਵਧ ਜਾਂਦਾ ਹੈ।

## ਇਸਦਾ ਕਿਵੇਂ ਪਤਾ ਲਗਾਇਆ ਜਾਂਦਾ ਹੈ?

ਜੇ ਤੁਹਾਨੂੰ ਦਿਲ ਦੀ ਬਿਮਾਰੀ ਦੇ ਲੱਛਣ ਹਨ, ਤਾਂ ਤੁਹਾਡਾ ਡਾਕਟਰ ਤੁਹਾਡੀਆਂ ਧਮਣੀਆਂ ਨੂੰ ਦੇਖਣ ਲਈ CT (ਕੰਪਿਊਟਰਾਈਜ਼ਡ ਟੋਮੋਗ੍ਰਾਫੀ) ਸਕੈਨ ਕਰਾਉਣ ਲਈ ਕਹਿ ਸਕਦਾ ਹੈ। ਇਹ ਇੱਕ ਐਕਸ-ਰੇ ਵਰਗਾ ਹੁੰਦਾ ਹੈ ਪਰ 3D ਵਿੱਚ।

## HeartFlow Analysis ਕਿਵੇਂ ਮਦਦ ਕਰ ਸਕਦਾ ਹੈ?

HeartFlow Analysis (ਵਿਸ਼ਲੇਸ਼ਣ) ਇੱਕ ਵਧੇਰੇ ਵਿਸਤ੍ਰਿਤ ਸਰੀਰ ਦੇ ਬਾਹਰ ਕੀਤਾ ਜਾਣ ਵਾਲਾ ਟੈਸਟ ਹੈ ਜੋ NHS ਇੰਗਲੈਂਡ ਅਤੇ NHS Improvement MedTech Funding Mandate ਨੀਤੀ ਦਾ ਹਿੱਸਾ ਹੈ, ਅਤੇ AHSN ਨੈੱਟਵਰਕ ਦੁਆਰਾ ਮੁਹੱਈਆ ਕਰਾਇਆ ਜਾਂਦਾ ਹੈ। ਇਹ ਤੁਹਾਡੀਆਂ ਧਮਣੀਆਂ ਦਾ 3D ਨਕਸ਼ਾ ਬਣਾਉਣ ਲਈ ਨਵੀਨਤਮ ਟੈਕਨਾਲੋਜੀ ਦੀ ਵਰਤੋਂ ਕਰਦਾ ਹੈ ਅਤੇ ਕਿਸੇ ਵੀ ਬੰਦ ਜਾਂ ਭੀੜੇ ਖੇਤਰ ਨੂੰ ਦਿਖਾਉਂਦਾ ਹੈ। ਇਹ ਤੁਹਾਡੇ ਡਾਕਟਰ ਦੀ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਨ ਲਈ ਕਿ ਕੀ ਤੁਹਾਡੇ ਦਿਲ ਨੂੰ ਖੂਨ ਅਤੇ ਆਕਸੀਜਨ ਦੀ ਲੋੜ ਹੈ, ਖੂਨ ਦੇ ਪ੍ਰਵਾਹ ਦਾ ਵਿਸ਼ਲੇਸ਼ਣ ਕਰਦਾ ਹੈ।

ਨਤੀਜੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਮਦਦਗਾਰ ਜਾਣਕਾਰੀ ਦਿੰਦੇ ਹਨ ਜਿਸ ਨੂੰ ਤੁਸੀਂ ਆਪਣੇ ਇਲਾਜ ਦੀ ਯੋਜਨਾ ਬਣਾਉਣ ਲਈ ਵਰਤ ਸਕਦੇ ਹੋ।




HEART UK
THE CHOLESTEROL CHARITY

Accelerated
Access
Collaborative

HEART UK
THE CHOLESTEROL CHARITY

# ਤੁਹਾਡਾ ਦਿਲ ਕਿੰਨਾ ਸਿਹਤਮੰਦ ਹੈ?

## HeartFlow Analysis ਕਿਵੇਂ ਕੰਮ ਕਰਦਾ ਹੈ

1. ਤੁਹਾਡਾ ਡਾਕਟਰ ਤੁਹਾਡੀਆਂ ਧਮਣੀਆਂ ਵਿੱਚ ਰੁਕਾਵਟਾਂ ਨੂੰ ਵੇਖਣ ਲਈ ਇੱਕ CT ਸਕੈਨ ਕਰਾਉਣ ਲਈ ਕਹੇਗਾ। ਜੇਕਰ ਸਕੈਨ ਬਿਮਾਰੀ ਦੇ ਚਿੰਨ੍ਹ ਦਿਖਾਉਂਦਾ ਹੈ, ਤਾਂ ਉਹ HeartFlow Analysis ਕਰਾਉਣ ਲਈ ਕਹਿ ਸਕਦਾ ਹੈ।
2. HeartFlows ਦੇ ਸਿੱਖਿਅਤ ਮਾਹਿਰ ਤੁਹਾਡੇ CT ਸਕੈਨ ਦੀ ਵਰਤੋਂ ਕਰਦੇ ਹੋਏ ਕੰਪਿਊਟਰ 'ਤੇ ਤੁਹਾਡੀਆਂ ਧਮਣੀਆਂ ਦਾ 3D ਚਿੱਤਰ ਬਣਾਉਂਦੇ ਹਨ।
3. ਕੰਪਿਊਟੇਸ਼ਨਲ ਤਰਲ ਗਤੀਸ਼ੀਲਤਾ (Computational fluid dynamics) ਨੂੰ ਫਿਰ ਸਰੀਰ ਦੇ ਬਾਹਰ ਇਹ ਪਤਾ ਕਰਨ ਲਈ ਲਾਗੂ ਕੀਤਾ ਜਾਂਦਾ ਹੈ ਕਿ ਹਰੇਕ ਰੁਕਾਵਟ ਤੁਹਾਡੇ ਦਿਲ ਵਿੱਚ ਖੂਨ ਦੇ ਪ੍ਰਵਾਹ ਨੂੰ ਕਿੰਨਾ ਪ੍ਰਭਾਵਿਤ ਕਰ ਰਹੀ ਹੈ।
4. ਘੰਟਿਆਂ ਦੇ ਅੰਦਰ, ਤੁਹਾਡੇ ਡਾਕਟਰ ਨੂੰ ਤੁਹਾਡੀਆਂ ਧਮਣੀਆਂ ਅਤੇ ਖੂਨ ਦੇ ਪ੍ਰਵਾਹ ਦਾ ਇੱਕ ਰੰਗ-ਕੋਡ ਵਾਲਾ 3D ਮਾਡਲ ਪ੍ਰਾਪਤ ਹੋਵੇਗਾ। ਇਹ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਤੁਹਾਡੀ ਇਲਾਜ ਯੋਜਨਾ ਦੇ ਅਗਲੇ ਕਦਮਾਂ ਦਾ ਫੈਸਲਾ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਦਾ ਹੈ।

**ਆਪਣੇ ਡਾਕਟਰ ਨੂੰ ਪੁੱਛੋ ਕਿ ਕੀ HeartFlow Analysis ਤੁਹਾਡੇ ਲਈ ਸਹੀ ਹੈ। ਹੋਰ ਜਾਣਨ ਲਈ, heartflow.com ਜਾਂ heartuk.org.uk 'ਤੇ ਜਾਓ**

ਐਕਸਲਰੇਟਿਡ ਐਕਸੈਸ ਕੋਲਾਬੋਰੇਟਿਵ (AAC) ਉਦਯੋਗ, ਸਰਕਾਰ, ਰੈਗੂਲੇਟਰਾਂ, ਮਰੀਜ਼ਾਂ ਅਤੇ NHS ਵਿਚਕਾਰ ਇੱਕ ਵਿਲੱਖਣ ਭਾਈਵਾਲੀ ਹੈ ਜੋ ਰੁਕਾਵਟਾਂ ਨੂੰ ਦੂਰ ਕਰਨ ਅਤੇ ਨਵੀਨਤਾਕਾਰੀ ਨਵੇਂ ਇਲਾਜਾਂ ਅਤੇ ਡਾਇਗਨੌਸਟਿਕਸ ਦੀ ਸ਼ੁਰੂਆਤ ਨੂੰ ਤੇਜ਼ ਕਰਨ ਲਈ ਮਿਲ ਕੇ ਕੰਮ ਕਰ ਰਹੀ ਹੈ ਜੋ ਦੇਖਭਾਲ ਦਾ ਰੂਪ ਬਦਲ ਸਕਦੇ ਹਨ। AAC ਮਰੀਜ਼ ਅਤੇ ਜਨਤਕ ਸ਼ਮੂਲੀਅਤ ਟੀਮ ਨੇ ਮਰੀਜ਼ਾਂ ਦੇ ਨਾਲ ਇੱਕ ਵੈਬੀਨਾਰ ਦੀ ਮੇਜ਼ਬਾਨੀ ਕੀਤੀ।

HeartFlow, NHS ਇੰਗਲੈਂਡ ਦੀ MedTech Funding Mandate ਨੀਤੀ ਦਾ ਹਿੱਸਾ ਹੈ, ਜੋ AHSN ਨੈੱਟਵਰਕ ਦੁਆਰਾ ਮੁਹੱਈਆ ਕਰਾਈ ਜਾਂਦੀ ਹੈ।

HeartFlow®

west midlands
ACADEMIC HEALTH SCIENCE NETWORK

Accelerated Access Collaborative

A331 E Evelyn Ave | Mountain View, CA 94041 | United States | ph: +1.650.241.1221
*Image is not representative of actual product.

1 British Heart Foundation. (2018). CVD Statistics – BHF UK Factsheet. Retrieved from hiips://www bhf org.uk.
The HeartFlow Analysis is intended to support the functional evaluation and assessment of coronary artery disease by qualified clinicians.
© 2018 HeartFlow, Inc. All rights reserved. HeartFlow and the HeartFlow logo are among the trademarks of HeartFlow, Inc. The HeartFlow FFRCT Analysis has received FDA clearance, is CE-marked, and is commercially available in the United States, Europe, Japan, and Canada.

HEART UK
THE CHOLESTEROL CHARITY

© HEART UK 2023 | Charity Registration No: 1003904